# Talking with your baby

**Learning to talk is one of the most important and complex skills your child will accomplish. It seems to happen naturally, but in fact you have a very important role to play. The more you talk to your baby, the more you enable her to become a good talker and a confident, happy child.**

- Talk about what you're doing throughout the day – when you're bathing or feeding your baby or changing her nappy.
- Talk about the things you see on the way to the shops, or at the supermarket. Try to talk about the things your child shows an interest in.
- Talk in the language that you know best - it doesn't have to be English.
- Look at your baby as you talk and give him time to respond to your chatter.
- Answer your baby's noises and babbles.
- Cuddle up together and read a favourite book or talk about the pictures.
- Have fun with nursery rhymes or any song, especially those with actions.
- Listen carefully and give your toddler time to finish talking.
- If your toddler says something incorrectly, say it back the right way, e.g. "Goggy bited it." "Yes, the dog bit it, didn't he."
- Try to watch TV together so you can talk about what happens.



© Posy Simmonds

# ਆਪਣੇ ਬੇਬੀ ਨਾਲ ਗੱਲਾਂ ਕਰਨੀਆਂ

ਬੋਲਣਾ ਸਿੱਖਣਾ, ਤੁਹਾਡੇ ਬੱਚੇ ਦੁਆਰਾ ਸਿੱਖੇ ਜਾਣ ਵਾਲੇ ਸਭ ਤੋਂ ਮਹੱਤਵਪੂਰਨ ਅਤੇ ਜਟਿਲ ਹੁਨਰਾਂ ਵਿੱਚੋਂ ਇਕ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਇਹ ਆਪਣੇ-ਆਪ ਹੋ ਜਾਂਦਾ ਹੈ, ਪਰ ਅਸਲ ਵਿਚ ਤੁਹਾਡੀ ਇਕ ਬਹੁਤ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਤੁਸੀਂ ਆਪਣੇ ਬੇਬੀ ਦੇ ਨਾਲ ਜਿੰਨੀਆਂ ਜ਼ਿਆਦਾ ਗੱਲਾਂ ਕਰਦੇ ਹੋ, ਓਨਾਂ ਹੀ ਜ਼ਿਆਦਾ ਤੁਸੀਂ ਉਸਨੂੰ ਇਕ ਚੰਗਾ ਬੋਲਣ ਵਾਲਾ ਅਤੇ ਇਕ ਆਤਮਵਿਸ਼ਵਾਸੀ, ਖ਼ੁਸ਼ ਬੱਚਾ ਬਣਾਉਂਦੇ ਹੋ।

- ਉਹਨਾਂ ਕੰਮਾਂ ਬਾਰੇ ਗੱਲਾਂ ਕਰੋ ਜੋ ਤੁਸੀਂ ਸਾਰਾ ਦਿਨ ਕਰਦੇ ਹੋ - ਜਦੋਂ ਤੁਸੀਂ ਆਪਣੇ ਬੇਬੀ ਨੂੰ ਨਹਾ ਰਹੇ ਹੁੰਦੇ ਹੋ ਜਾਂ ਕੁਝ ਖੁਆ ਜਾਂ ਪਿਆ ਰਹੇ ਹੁੰਦੇ ਹੋ ਜਾਂ ਉਸਦੀ ਨੈਪੀ ਬਦਲ ਰਹੇ ਹੁੰਦੇ ਹੋ।
- ਉਹਨਾਂ ਚੀਜ਼ਾਂ ਬਾਰੇ ਗੱਲ ਕਰੋ ਜਿਹੜੀਆਂ ਤੁਸੀਂ ਦੁਕਾਨਾਂ 'ਤੇ ਜਾਂਦੇ ਸਮੇਂ ਰਸਤੇ ਵਿਚ, ਜਾਂ ਸੁਪਰਮਾਰਕੀਟ ਵਿਚ ਦੇਖਦੇ ਹੋ। ਉਹਨਾਂ ਚੀਜ਼ਾਂ ਬਾਰੇ ਗੱਲਾਂ ਕਰਨ ਦੀ ਕੋਸ਼ਿਸ਼ ਕਰੋ ਜਿਹਨਾਂ ਵਿਚ ਤੁਹਾਡਾ ਬੱਚਾ ਦਿਲਚਸਪੀ ਦਿਖਾਉਂਦਾ ਹੈ।
- ਉਸ ਭਾਸ਼ਾ ਵਿਚ ਗੱਲ ਕਰੋ ਜੋ ਤੁਹਾਨੂੰ ਸਭ ਤੋਂ ਚੰਗੀ ਤਰ੍ਹਾਂ ਆਉਂਦੀ ਹੈ - ਜ਼ਰੂਰੀ ਨਹੀਂ ਕਿ ਇਹ ਇੰਗਲਿਸ਼ ਹੀ ਹੋਵੇ।
- ਗੱਲਾਂ ਕਰਦੇ ਸਮੇਂ ਆਪਣੇ ਬੇਬੀ ਵੱਲ ਦੇਖੋ ਅਤੇ ਉਸਨੂੰ ਤੁਹਾਡੀ ਗੱਲ ਦਾ ਉੱਤਰ ਦੇਣ ਲਈ ਸਮਾਂ ਦਿਓ।
- ਆਪਣੇ ਬੇਬੀ ਦੇ ਸ਼ੋਰ ਅਤੇ ਬੁੜਬੁੜ ਦਾ ਉੱਤਰ ਦਿਓ।
- ਗਲਵੱਕੜੀ ਪਾ ਕੇ ਬੈਠੋ ਅਤੇ ਕੋਈ ਮਨਪਸੰਦ ਕਿਤਾਬ ਪੜ੍ਹੋ ਜਾਂ ਤਸਵੀਰਾਂ ਬਾਰੇ ਗੱਲਾਂ ਕਰੋ।
- ਨਰਸਰੀ ਦੀਆਂ ਕਵਿਤਾਵਾਂ ਜਾਂ ਕਿਸੇ ਗੀਤਾਂ ਦਾ ਮਜ਼ਾ ਲਵੋ, ਖ਼ਾਸ ਕਰਕੇ ਉਹ ਜਿਹਨਾਂ ਵਿਚ ਕੁਝ ਹਰਕਤਾਂ ਸ਼ਾਮਲ ਹੋਣ।
- ਧਿਆਨ ਨਾਲ ਸੁਣੋ ਅਤੇ ਆਪਣੇ ਟੋਡਲਰ (ਤੁਰਨਾ ਸ਼ੁਰੂ ਕਰ ਰਹੇ ਬੱਚੇ) ਨੂੰ ਆਪਣੀ ਗੱਲ ਖ਼ਤਮ ਕਰਨ ਲਈ ਸਮਾਂ ਦਿਓ।
- ਜੇ ਤੁਹਾਡਾ ਟੋਡਲਰ ਕੋਈ ਗੱਲ ਗਲਤ ਤਰੀਕੇ ਨਾਲ ਕਹਿੰਦਾ ਹੈ, ਤਾਂ ਇਸਨੂੰ ਸਹੀ ਤਰੀਕੇ ਨਾਲ ਦੁਹਰਾਓ, ਜਿਵੇਂ ਕਿ "ਗੋਗੀ ਨੇ ਚੱਕ ਕੀਤਾ"। "ਹਾਂ, ਕੁੱਤੇ ਨੇ ਇਸਨੂੰ ਚੱਕ ਮਾਰਿਆ, ਹੈ ਨਾ"
- ਇਕੱਠੇ ਟੀਵੀ ਦੇਖਣ ਦੀ ਕੋਸ਼ਿਸ਼ ਕਰੋ ਤਾਂ ਜੋ ਤੁਸੀਂ ਉਸ ਬਾਰੇ ਗੱਲਾਂ ਕਰ ਸਕੋ ਜੋ ਟੀਵੀ 'ਤੇ ਆ ਰਿਹਾ ਹੈ।

National Literacy Trust

Talk To Your Baby